## ੪੦ ਅਰਸਤੂ ਦਾ ਅਨੁਕਰਣ ਸਿਧਾਂਤ

ਅਨੁਕਰਣ ਯੂਨਾਨੀ ਸ਼ਬਦ ਮੀਮੀਸਿਸ ਦਾ ਸਮਾਨਅਰਥਕ ਸ਼ਬਦ ਹੈ। ਯੂਨਾਨੀ ਸਾਹਿਤ ਸ਼ਾਸਤਰ ਵਿਚ ਇਹ ਸ਼ਬਦ ਅਰਸਤੂ ਤੋਂ ਪਹਿਲਾਂ ਪਲੈਟੋ ਨੇ ਵਰਤਿਆ ਸੀ। ਇਸੇ ਆਧਾਰ ਤੇ ਉਸਨੇ ਕਲਾਤਮਿਕ ਸਾਹਿਤ ਦੀ ਬੜੀ ਸਖ਼ਤ ਆਲੋਚਨਾ ਕੀਤੀ ਹੈ।

ਪਲੈਟੋ ਅਤੇ ਅਰਸਤੂ ਦੋਹਾਂ ਨੇ ਹੀ ਕਾਵਿ ਰੂਪ ਨੂੰ ਅਨੁਕਰਣ ਆਤਮਿਕ ਕਲਾ ਮੰਨਿਆ ਪਰੰਤੂ ਫਿਰ ਵੀ ਦੋਹਾਂ ਦੇ ਨਤੀਜਿਆਂ ਵਿਚ ਫਰਕ ਸਾਫ ਦਿਸਦਾ ਹੈ।

ਅਰਸਤੂ ਦਾ ਗੁਰੂ ਪਲੈਟੋ ਕਾਵਿ ਨੂੰ ਕਲਾਤਮਿਕ ਹੋਂਦ ਵਿਚ ਪ੍ਰਵਾਨ ਤਾਂ ਕਰਦਾ ਸੀ ਪਰ ਇਸ ਨੂੰ ਨਖਿੱਧ/ ਘਟੀਆ ਕਲਾ ਦੀ ਕੋਟੀ ਵਿਚ ਰੱਖਦਾ ਹੈ। ਉਸ ਦੇ ਕਾਵਿ ਬਾਰੇ ਨਤੀਜਿਆਂ ਦਾ ਆਧਾਰ ਮੁੱਖ ਤੌਰ ਤੇ ਦੋ ਗੱਲਾਂ ਤੇ ਟਿਕਿਆ ਹੋਇਆ ਸੀ। ਪਹਿਲਾ ਇਹ ਕਿ ਕਾਵਿ ਕਲਾ ਵਾਸਤਵਿਕ ਸੱਚ ਤੋਂ ਤੀਸਰੇ ਸਥਾਨ ਤੇ ਸਥਿਤ ਹੈ ਅਤੇ ਦੂਸਰਾ ਮਨੁੱਖ ਦੀਆਂ ਸਹਿ ਭਾਵਨਾਵਾਂ ਨੂੰ ਉਕਸਾਂਦੀ ਤੇ ਉਤੇਜਿਤ ਕਰਦੀ ਹੈ। ਇਸ ਕਰਕੇ ਪਲੈਟੋ ਕਾਵਿ ਕਲਾ ਨੂੰ ਘਟੀਆ ਕਲਾ ਆਖ ਕੇ ਇਸ ਪ੍ਰਤੀ ਨਿੰਦਾਵਾਚਕ ਪਹੁੰਚ ਅਪਣਾਉਂਦਾ ਹੈ।

ਪਲੈਟੋ ਕਾਵਿ ਨੂੰ ਅਸਲ ਸੱਚ ਤੋਂ ਤਿੰਨ ਗੁਣਾ ਦੂਰ ਇਸ ਕਰਕੇ ਅੰਕਲਦਾ ਹੈ ਕਿਉਂਕਿ ਉਸ ਅਨੁਸਾਰ ਅਸਲ ਸੱਚ ਤਾਂ ਪ੍ਰਮਾਤਮਾ ਹੈ ਇਹ ਸੱਚ ਦਾ ਪ੍ਰਥਮਿਕ ਰੂਪ ਹੈ। ਸਮੁੱਚੀ ਸ੍ਰਿਸ਼ਟੀ ਉਸ ਮੂਲ ਸੱਚ ਦਾ ਅਕਸ (ਅਨੁਕਰਣ) ਹੋਣ ਕਰਕੇ ਦੂਸਰੇ ਨੰਬਰ ਦਾ ਸੱਚ ਹੈ। ਇਸ ਤਰ੍ਹਾਂ ਕਾਵਿ ਕਲਾ ਮੂਲ ਤੇ ਪ੍ਰਥਮ ਸੱਚ ਤੋਂ ਤੀਸਰੀ ਥਾਂ ਤੇ ਵਿਚਰਨ ਕਰਕੇ ਉੱਤਮ ਕਲਾ ਨਹੀਂ ਪ੍ਰਵਾਨੀ ਜਾ ਸਕਦੀ।

ਪਲੈਟੋ ਦੇ ਉਪਰੋਕਤ ਵਿਚਾਰਾਂ ਨੂੰ ਅਰਸਤੂ ਅਪ੍ਰਵਾਨ ਹੀ ਨਹੀਂ ਕਰਦਾ ਬਲਕਿ ਉਨ੍ਹਾਂ ਦੇ ਗਲਤ ਤਰਕ ਨੂੰ ਚੈਲਿੰਜ ਵੀ ਕਰਦਾ ਹੈ! ਅਰਸਤੂ ਕਾਵਿ ਦੀ ਪ੍ਰਕਿਰਤੀ ਸੰਬੰਧੀ ਨਵੀਨ ਧਾਰਨਾਵਾਂ ਲੈ ਕੇ ਹਾਜ਼ਿਰ ਹੁੰਦਾ ਹੈ! ਉਸਨੇ ਕਾਵਿ ਨੂੰ ਇਕ ਉੱਤਮ ਤੇ ਸੁਤੰਤਰ ਕਲਾ ਵਜੋਂ ਪ੍ਰਵਾਨ ਕਰਕੇ ਇਸਦੇ ਨਿਆਰੇ ਚਰਿੱਤਰ ਉਪਰ ਗਹਿਨ ਅਧਿਐਨ ਕਰਨ ਪ੍ਰਤੀ ਰੁਚੀ ਵਿਖਾਈ! ਅਰਸਤੂ ਕਾਵਿ ਨੂੰ ਇਕ ਕਲਾ ਮੰਨਦਾ ਹੈ!

ਅਰਸਤੂ ਪਲੈਟੋ ਦੇ ਵਿਚਾਰਾਂ ਤੋਂ ਉਲਟ ਕਹਿੰਦਾ ਹੈ ਕਿ ਅਨੁਕਰਣ ਮਾਨਵ ਦੀ ਸਹਿਜ ਤੇ ਸੁਭਾਵਿਕ ਪ੍ਰਵਿਰਤੀ ਹੈ! ਇਸ ਲਈ ਅਨੁਕਰਣ ਨੂੰ ਮਾੜੀ ਪ੍ਰਵਿਰਤੀ ਦੇ ਰੂਪ ਵਿਚ ਵੇਖਣਾ/ਸਮਝਣਾ ਠੀਕ ਨਹੀਂ।

ਡਾ. ਸੁਖਵਿੰਦਰ ਸਿੰਘ ਅਨੁਸਾਰ,[1]

> "ਪਲੈਟੋ ਜਿਥੇ ਕਵੀਆਂ ਨੂੰ 'ਨਕਲਚੀ' ਆਖ ਕੇ ਉਨ੍ਹਾਂ ਦੇ ਗੌਰਵ ਨੂੰ ਘਟਾਉਂਦਾ ਹੈ ਉਥੇ ਅਰਸਤੂ ਨਕਲ ਪ੍ਰਵਿਰਤੀ ਨੂੰ ਚੰਗਾ ਆਖ ਕੇ ਕਵੀਆਂ ਦੇ ਗੌਰਵ ਨੂੰ ਉੱਚਾ ਚੁੱਕਦਾ ਹੈ! ਅਰਸਤੂ ਦੀ ਅਜਿਹੀ ਪਹੁੰਚ ਕਵੀਆਂ ਦਾ ਸਿੱਧੇ ਤੌਰ ਤੇ ਸਮਰਥਨ ਬਣਦੀ ਹੈ ਅਤੇ ਆਪਣੇ ਮਤ ਦਾ ਤਰਕ ਦਿੰਦਿਆ ਉਹ ਬਹੁਤ ਵਜ਼ਨਦਾਰ ਦਲੀਲਾਂ ਪੇਸ਼ ਕਰਦਾ ਹੈ।"

(ਸਾਹਿਤ ਵਿਧਾਨ, ਪੰਨਾ ਨੰ. 131)

ਅਰਸਤੂ ਕਹਿੰਦੇ ਹਨ ਕਿ ਕਾਵਿ ਕਲਾ ਦੇ ਸੰਦਰਭ ਵਿਚ ਅਨੁਕਰਣ ਕਿਸੇ ਵਸਤੂ/ਵਿਚਾਰ ਦਾ ਇੰਨ ਬਿੰਨ ਉਤਾਰਾ ਨਹੀਂ ਬਲਕਿ ਇਕ ਵਿਸ਼ੇਸ਼ ਪ੍ਰਕ੍ਰਿਆ ਦਾ ਨਾਂ ਹੈ ਜਿਸ ਦੇ ਅਧਾਰ ਤੇ ਕਾਵਿ ਦਾ ਨਿਰਮਾਣ ਹੁੰਦਾ ਹੈ! ਇਸ ਵਿਸ਼ੇਸ਼ ਪ੍ਰਕ੍ਰਿਆ

ਕੇ ਰਹੱਸ ਦਾ ਵਿਵੇਚਨ ਹੀ ਅਸਲ ਵਿਚ ਅਰਸਤੂ ਦਾ ਅਨੁਕਰਣ-ਸਿਧਾਂਤ ਹੈ।

ਪਲੈਟੋ ਤੇ ਉਸਤੋਂ ਪਹਿਲਾਂ ਯੂਨਾਨੀ ਦਾਰਸ਼ਨਿਕਾਂ ਨੇ ਅਨੁਕਰਣ ਨੂੰ ਹੂ-ਬ-ਹੂ ਨਕਲ ਦੇ ਰੂਪ ਵਿਚ ਗ੍ਰਹਿਣ ਕੀਤਾ। ਅਰਸਤੂ ਨੇ ਆਪਣੇ ਅਨੁਕਰਣ ਸ਼ਬਦ ਦਾ ਅਰਥ ਸਾਫ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸਨੇ ਕਾਵਿ ਕਲਾ ਦਾ ਸੁਭਾਅ ਅਨੁਕਰਣਮਈ ਦਸਦਿਆਂ ਹੋਇਆਂ ਕਲਾ ਦੀ ਸਭ ਤੋਂ ਵਧੀਆ ਕਿਸਮ ਦੱਸਿਆ ਹੈ। ਜਿਹੜੀ ਮਨੁੱਖੀ ਜ਼ਿੰਦਗੀ ਦੇ ਸਰਵਵਿਆਪਕ ਤੱਤ ਦਾ ਪ੍ਰਗਟਾਵਾ ਹੈ। ਅਰਸਤੂ ਇਹ ਮੰਨ ਕੇ ਚੱਲਦਾ ਹੈ ਕਿ ਕਵਿਤਾ ਜ਼ਿੰਦਗੀ ਦੇ ਅਨੁਭਵਾਂ ਤੇ ਰੰਗ ਬਿਰੰਗੀਆਂ ਘਟਨਾਵਾਂ ਦਾ ਸਹਿਜ ਅਨੁਕਰਣ ਹੀ ਨਹੀਂ ਕਰਦਾ ਸਗੋਂ ਸੱਚ ਇਹ ਹੈ ਕਿ ਕਵਿਤਾ ਦਾ ਸੰਸਾਰ ਅਨੁਭਵ ਕੀਤੀਆਂ ਘਟਨਾਵਾਂ ਨਾਲੋਂ ਕਿਤੇ ਜ਼ਿਆਦਾ ਵਿਲੱਖਣ ਹੁੰਦਾ ਹੈ। ਪਲੇਟੋ ਕਹਿੰਦੇ ਹਨ ਕਿ ਕਵੀ ਪ੍ਰਕਿਰਤੀ ਦਾ ਅਨੁਕਰਣ ਕਰਦਾ ਹੈ ਅਤੇ ਪ੍ਰਕਿਰਤੀ ਆਪਣੇ ਆਪ ਵਿਚ ਮੂਲ ਸਚ ਦਾ ਅਨੁਕਰਣ ਹੈ। ਇਸ ਤਰ੍ਹਾਂ ਕਵੀ ਪ੍ਰਕਿਰਤੀ ਦਾ ਅਨੁਕਰਣ ਕਰਕੇ ਵੀ ਅਸਲੀਅਤ ਤੋਂ ਸੌ ਕੋਹਾਂ ਦੂਰ ਹੈ। ਪਲੈਟੋ ਦੀ ਇਸ ਮਾਨਤਾ ਬਾਰੇ ਅਰਸਤੂ ਕਹਿੰਦੇ ਹਨ ਕਿ ਕਵੀ ਪ੍ਰਕਿਰਤੀ ਦਾ ਸਹਿਜ ਅਨੁਕਰਣ ਹੀ ਨਹੀਂ ਕਰਦਾ ਸਗੋਂ ਉਸ ਤੋਂ ਅੱਗੇ ਜਾਂਦਾ ਹੈ।

'ਅਰਸਤੂ' ਇਹ ਮੰਨਦਾ ਹੈ ਕਿ ਕਵੀ ਵੀ ਚਿਤਰਕਾਰ ਜਾਂ ਸੰਗੀਤਕਾਰ ਵਾਂਗ ਅਨੁਕਰਣਕਾਰ ਹੈ। ਕਵੀ ਜਿਸ ਵਸਤੂ ਜਾਂ ਭਾਵ ਦਾ ਅਨੁਕਰਣ ਕਰਦਾ ਹੈ ਉਹ ਤਿੰਨ ਕਿਸਮ ਦੀਆਂ ਹੋ ਸਕਦੀਆਂ ਹਨ।

ਕ. ਜਿਹੋ ਜਿਹੀਆਂ ਵਸਤਾਂ ਉਹ ਹਨ ਜਾਂ ਜਿਹੋ ਜਿਹੀਆਂ ਵਸਤਾਂ ਹੁੰਦੀ ਹਨ। ਭਾਵ ਪ੍ਰਤੀਤਰੂਪ / ਬਾਹਰੀਰੂਪ / ਪ੍ਰਤੱਖ ਰੂਪ / ਮੂਰਤ ਰੂਪ / ਠੋਸ ਰੂਪ (ਵਸਤਾਂ ਦਾ ਇਹ ਰੂਪ ਇੰਦ੍ਰਿਆਵੀ

ਮਾਧਿਅਮ ਰਾਹੀਂ ਕਿਸੇ ਵਸਤੂ ਦਾ ਸਾਡੇ ਮਨ ਉਪਰ ਪੈਣ ਵਾਲਾ ਪ੍ਰਤੱਖ ਪ੍ਰਭਾਵ / ਪ੍ਰਤੀਬਿੰਬ ਹੁੰਦਾ ਹੈ।

2) ਜਿਹੋ ਜਿਹੀਆਂ ਵਸਤਾਂ ਆਖੀਆਂ ਜਾ ਸਕੀਆਂ ਜਾਈਆਂ ਹਨ ਭਾਵ ਸੰਭਾਵਿਤ ਰੂਪ (ਵਸਤੂ ਦਾ ਇਹ ਰੂਪ ਕਲਪਨਾ ਆਧਾਰਿਤ ਹੋਣ ਕਰਕੇ ਅਮੂਰਤ ਪ੍ਰਕਿਰਤੀ ਵਾਲਾ ਹੁੰਦਾ ਹੈ।)

3) ਜਿਹੋ ਜਿਹੀਆਂ ਵਸਤਾਂ ਹੋਣੀਆਂ ਚਾਹੀਦੀਆਂ ਹਨ ਭਾਵ ਆਦਰਸ਼ ਰੂਪ। (ਇਹ ਰੂਪ ਵੀ ਕਲਪਨਾ ਆਧਾਰਿਤ ਹੋਣ ਕਰਕੇ ਇਸਦੀ ਪ੍ਰਕਿਰਤੀ ਵੀ ਅਮੂਰਤ ਹੁੰਦੀ ਹੈ)

ਸਪਸ਼ਟ ਹੈ ਕਿ ਵਸਤੂ ਦੇ ਮੂਰਤ ਪੱਖ ਦੀ ਪੇਸ਼ਕਾਰੀ ਸਮੇਂ ਇੰਦ੍ਰਿਆਵੀ ਗਿਆਨ ਦੀ ਪ੍ਰਮੁੱਖਤਾ ਰਹਿੰਦੀ ਹੈ। ਆਲੋਚਨਾਤਮਕ ਮੁਹਾਵਰੇ ਵਿਚ ਮੂਰਤ ਪੱਖ ਨੂੰ ਵਸਤੂ ਪਰਕ ਆਖਿਆ ਜਾਂਦਾ ਹੈ। ਅਮੂਰਤ ਪੱਖ ਦਾ ਆਧਾਰ ਕਿਉਂਕਿ ਕਲਪਨਾ, ਅਨੁਭਵ ਤੇ ਵਿਚਾਰ ਉੱਤੇ ਟਿਕਿਆ ਹੁੰਦਾ ਹੈ ਜਿਸ ਲਈ ਇਹ ਵਸਤੂਪਰਕ ਨਹੀਂ ਬਲਕਿ ਭਾਵਪਰਕ ਹੁੰਦਾ ਹੈ।

ਇਨਾਂ ਸਭ ਬਾਰੇ ਇਕ ਉਦਾਹਰਨ ਦੇਣ ਨਾਲ ਗੱਲ ਸਾਫ ਹੋ ਜਾਂਦੀ ਹੈ। ਜਿਵੇਂ: ਫਰਜ਼ ਕਰੋ ਕਿ ਇਕ ਤਰਖਾਣ ਨੇ ਇਕ ਪਲੰਗ ਬਣਾਇਆ ਅਤੇ ਚਿਤਰਕਾਰ ਨੇ ਉਸਦੀ ਤਸਵੀਰ ਬਣਾਈ। ਇਸ ਤਰ੍ਹਾਂ ਪਲੰਗ ਦਾ ਇਕ ਆਦਰਸ਼ ਰੂਪ ਤਾਂ ਹੋਏਗਾ ਹੀ, ਇਸਦੇ ਨਾਲ ਪਲੰਗ ਦੇ ਤਿੰਨ ਰੂਪ ਹੋਰ ਵੀ ਹਨ।

1) ਪਹਿਲਾ ਤਰਖਾਣ ਦਾ ਬਣਾਇਆ ਪਲੰਗ
2) ਦੂਜਾ ਚਿਤਰਕਾਰ ਦਾ ਚਿਤਰਿਆ ਪਲੰਗ
3) ਤੀਸਰਾ ਪਲੰਘ ਦਾ ਆਦਰਸ਼ ਰੂਪ

ਅਨੁਕਰਣ ਜਾਂ ਨਕਲ ਦੇ ਮਹੱਤਵ ਨੂੰ ਪ੍ਰਗਟ ਕਰਦਿਆਂ ਅਰਸਤੂ ਨੇ ਕਿਹਾ ਹੈ ਕਿ ਕਵਿਤਾ ਸਾਧਾਰਨ ਤੌਰ ਤੇ ਮਨੁੱਖੀ ਸੁਭਾਅ ਦੀਆਂ ਦੋ ਜਨਮ ਜਾਤ ਪ੍ਰਵਿਰਤੀਆਂ ਤੋਂ ਉਪਜੀ ਜਾਂਦੀ ਹੈ। ਪਲੇਟੋ ਕਹਿੰਦਾ ਹੈ ਕਿ ਕਵੀ ਅਨੁਕਰਣ ਦਾ ਅਨੁਕਰਣ ਕਰਦਾ ਹੈ। ਇਸ ਲਈ ਉਸਦੀ ਕਿਰਤ ਸਭ ਤੋਂ ਦੂਰ ਰਹਿੰਦੀ ਹੈ। ਪਲੇਟੋ ਅਨੁਕਰਣ ਦੇ ਸੀਮਿਤ ਅਰਥ ਲੈਂਦਾ ਹੈ। ਪਰ ਅਰਸਤੂ ਇਸਨੂੰ ਵੱਖੋ ਵੱਖ ਅਰਥਾਂ ਵਿਚ ਗ੍ਰਹਿਣ ਕਰਦਾ ਹੈ।

ਅਰਸਤੂ ਨੇ ਕਾਵਿ ਸੰਗੀਤ ਤੇ ਨਾਚ ਨੂੰ ਪ੍ਰਮੁੱਖ ਅਨੁਕਰਣਾਤਮਕ ਕਲਾਵਾਂ ਮੰਨਿਆ ਹੈ। ਅਰਸਤੂ ਨੇ ਕਾਵਿ ਕਲਾ ਨੂੰ ਸਭ ਤੋਂ ਸ੍ਰੇਸ਼ਟ ਅਨੁਕਰਣਾਤਮਕ ਕਲਾ ਮੰਨਿਆ ਹੈ। ਅਰਸਤੂ ਕਹਿੰਦਾ ਹੈ ਕਿ ਜੋ ਕੁਝ ਹੋ ਚੁਕਿਆ ਹੈ ਉਹ ਵਿਅਕਤ ਕਰਨਾ ਕਵੀ ਦਾ ਕੰਮ ਨਹੀਂ, ਸਗੋਂ ਜੋ ਹੋ ਸਕਦਾ ਹੈ ਇਹ ਦਰਸਾਉਣਾ ਕਵੀ ਦਾ ਕੰਮ ਹੈ।

ਕਵੀ ਪ੍ਰਕਿਰਤੀ ਜਾਂ ਮਨੁੱਖੀ ਜੀਵਨ ਦੇ ਬਾਹਰੀ ਰੂਪ ਦਾ ਹੀ ਨਹੀਂ ਸਗੋਂ ਉਸਦੇ ਅੰਤਰੰਗ ਦਾ ਵੀ ਅਨੁਕਰਣ ਕਰਦਾ ਹੈ। ਜ਼ਿੰਦਗੀ ਦੇ ਬਹਿਰੰਗ ਨਾਲੋਂ ਅੰਤਰੰਗ ਦੀ ਜ਼ਿਆਦਾ ਅਹਿਮੀਅਤ ਹੁੰਦੀ ਹੈ। ਅਨੁਕਰਣ ਦਾ ਮਤਲਬ ਸਿਰਫ਼ ਨਕਲ ਹੀ ਨਹੀਂ ਸਗੋਂ ਇਕ ਤਰ੍ਹਾਂ ਦੀ ਪੂਰਨ ਸਿਰਜਨਾ ਹੈ। ਅਨੁਕਰਣ ਵਿਚ ਭਾਵਾਂ ਤੇ ਕਲਪਨਾ ਦਾ ਦਖਲ ਜ਼ਰੂਰ ਹੁੰਦਾ ਹੈ। ਅਨੁਕਰਣ ਕੇਵਲ ਨਕਲ ਨਾ ਹੋ ਕੇ ਇਸ ਤੋਂ ਵੀ ਕੁਝ ਜ਼ਿਆਦਾ ਹੈ। ਅਰਸਤੂ ਇਹ ਮੰਨਦਾ ਹੈ ਕਿ ਅਜਿਹੇ ਅਨੁਕਰਣ ਵਿਚ ਅਨੰਦ ਜਾਂ ਸੁਹਜ ਸੁਆਦ ਦਾ ਅੰਸ਼ ਕਾਇਮ ਰਹਿੰਦਾ ਹੈ। ਅਨੁਕਰਣ ਤਾਂ ਆਪਣੇ ਆਪ ਵਿਚ ਇਕ ਅਨੰਦਦਾਇਕ ਕਿਰਿਆ ਹੈ।

ਅਨੁਕਰਣ ਸਿਧਾਂਤ ਬਾਰੇ ਵਿਦਵਾਨਾਂ ਨੇ ਇਹ ਇਤਰਾਜ਼ ਕੀਤਾ ਹੈ ਕਿ ਅਰਸਤੂ ਦਾ ਅਨੁਕਰਣ ਸਿਧਾਂਤ ਪਲੇਟੋ ਦੀ

ਅਭਿਵਿਅਕਤੀ ਵਾਦ ਦੇ ਖਿਲਾਫ਼ ਜਾਂਦਾ ਹੈ। ਕ੍ਰੋਚੇ ਦੀ ਮਾਨਤਾ ਇਹ ਹੈ ਕਿ ਕਾਵਿ ਮਹਿਜ਼ ਇਕ ਅਨੁਭੂਤੀ ਹੈ ਅਤੇ ਇਹ ਅਟੁੱਟ ਤੌਰ ਤੇ ਅਭਿਵਿਅਕਤੀ ਨਾਲ ਜੁੜੀ ਹੈ। ਅਰਸਤੂ ਨੇ ਕਾਵਿ ਦੇ ਦੋ ਪ੍ਰਮੁੱਖ ਪ੍ਰਯੋਜਨ ਮੰਨੇ ਹਨ। ਸਿੱਖਿਆ ਅਤੇ ਅਨੰਦ, ਸਿੱਖਿਆ ਦਾ ਮਤਲਬ ਗਿਆਨ ਕਰਨਾ ਹੈ। ਬੁੱਚਰ ਅਨੁਸਾਰ, ਅਰਸਤੂ ਦੇ ਅਨੁਕਰਣ ਸ਼ਬਦ ਦਾ ਅਰਥ ਹੈ, " ਸਾਦ੍ਰਿਸ਼ ਵਿਧਾਨ ਜਾਂ ਮੂਲ ਦਾ ਪੁਨਰ ਉਤਪਾਦਨ ਹੈ, ਸੰਕੇਤਿਕ ਉਲੇਖਣ ਨਹੀਂ ਹੈ।" ਅਰਸਤੂ ਨੇ ਅਨੁਕਰਣ ਸ਼ਬਦ ਦਾ ਪ੍ਰਯੋਗ ਪਲੇਟੋ ਵਾਂਗ ਸਥੂਲ ਦੇ ਇੰਨ ਬਿੰਨ ਉਤਾਰੇ ਦੇ ਅਰਥਾਂ ਵਿਚ ਨਹੀਂ ਕੀਤਾ।

ਪ੍ਰੋ. ਗਿਲਬਰਟ ਮਰੇ ਨੇ ਯੂਨਾਨੀ ਪੋਇਤਸ ਨੂੰ ਅਧਾਰ ਮੰਨ ਕੇ ਅਨੁਕਰਣ ਦੀ ਵਿਉਤਪਤੀ ਮੂਲਕ ਵਿਆਖਿਆ ਕੀਤੀ ਹੈ। ਉਸ ਅਨੁਸਾਰ,

> "ਜੇ ਇਹ ਦੇਖ ਕੇ ਅਸਚਰਜ ਹੋਵੇ ਕਿ ਅਰਸਤੂ ਨੂੰ ਅਨੁਕਰਣ ਸਿਧਾਂਤ ਨਾਲ ਇੰਨਾ ਮੋਹ ਕਿਉਂ ਸੀ ਤਾਂ ਇਸ ਤੱਥ ਤੋਂ ਪਤਾ ਚਲਦਾ ਹੈ ਕਿ ਜਨ ਸਧਾਰਨ ਦੀ ਭਾਸ਼ਾ ਵਿਚ ਕਲਾ ਵਾਸਤੇ ਰਚਨਾ ਜਾਂ ਕਰਣ ਸ਼ਬਦ ਦੀ ਵਰਤੋਂ ਕੀਤੀ ਹੈ।"

ਅਰਸਤੂ ਲਿਖਦਾ ਹੈ ਕਿ ਅਨੁਕਰਣ ਦੇ ਵਿਸ਼ੇ ਕਾਰਜ ਵਿਚ ਰੁੱਝੇ ਹੋਏ ਵਿਅਕਤੀ ਹੁੰਦੇ ਹਨ। ਅਰਸਤੂ ਨੇ ਅਨੁਕਰਣ ਜਾਂ ਨਕਲ ਦੇ ਮਹੱਤਵ ਨੂੰ ਪ੍ਰਗਟ ਕਰਦਿਆਂ ਕਿਹਾ ਹੈ ਕਿ ਕਵਿਤਾ ਮਨੁੱਖੀ ਸੁਭਾਅ ਦੀ ਪ੍ਰਵਿਰਤੀ ਨੂੰ ਪ੍ਰਗਟ ਕਰਦੀ ਹੈ।

ਸਕਾਟ ਜੇਮਸ ਦਾ ਕਥਨ ਹੈ, (3)

> "ਅਰਸਤੂ ਦੇ ਕਾਵਿ ਸ਼ਾਸਤਰ ਵਿੱਚ
> ਅਨੁਕਰਣ ਦਾ ਅਰਥ ਸਾਹਿਤ ਵਿੱਚ
> ਜੀਵਨ ਦਾ ਵਸਤੂ ਮੂਲਕ ਅੰਕਨ ਹੈ,
> ਜਿਸ ਨੂੰ ਜੀਵਨ ਦੀ ਕਲਪਨਾਤਮਕ
> ਮੁੜ ਉਸਾਰੀ ਕਹਿ ਸਕਦੇ ਹਾਂ।"

ਸੋ ਕਾਵਿ ਪ੍ਰੇਰਨਾ ਦੇ ਪ੍ਰਸੰਗ ਵਿਚ ਅਨੁਕਰਣ ਨੂੰ ਕਾਫੀ ਮਹੱਤਵ ਦਿੱਤਾ ਗਿਆ ਹੈ ਅਤੇ ਅਨੁਕਰਣ ਕਰਨਾ ਮਨੁੱਖ ਦੀ ਆਦਮ ਪ੍ਰਵਿਰਤੀ ਕਹੀ ਗਈ ਹੈ। ਪਲੈਟੋ ਅਸਲ ਵਿਚ ਕਵੀ ਜਾਂ ਕਾਵਿ ਸ਼ਾਸਤਰੀ ਨਾ ਹੋ ਕੇ ਦਾਰਸ਼ਨਿਕ ਸੀ। ਇਸ ਨੇ ਆਪਣੀਆਂ ਰਚਨਾਵਾਂ ਵਿਚ ਭਿੰਨ-ਭਿੰਨ ਆਦਰਸ਼ਾਂ ਦੀ ਸਥਾਪਨਾ ਕੀਤੀ। ਅਨੁਕਰਣ ਦੇ ਵਿਸ਼ੇ ਨੂੰ ਸਪਸ਼ਟ ਕਰਦੇ ਹੋਇਆ ਅਰਸਤੂ ਲਿਖਦਾ ਹੈ ਕਿ ਅਨੁਕਰਣ ਦੇ ਵਿਸ਼ੇ ਕਾਰਜ ਵਿਚ ਰੁੱਝੇ ਵਿਅਕਤੀ ਹੁੰਦੇ ਹਨ। ਜਰਮਨੀ ਦੇ ਕਈ ਵਿਚਾਰਕਾਂ ਨੇ ਵੀ ਇਸ ਸੰਬੰਧੀ ਆਪਣੇ ਵਿਚਾਰ ਪ੍ਰਗਟਾਏ ਹਨ। ਪਰੰਤੂ 'ਕਾਂਟ' ਇਨ੍ਹਾਂ ਵਿਚਾਰਾਂ ਦਾ ਵਿਰੋਧ ਕਰਦੇ ਹੋਏ ਕਹਿੰਦੇ ਹਨ ਕਿ ਕਾਵਿ ਜਾਂ ਕਲਾ ਵਿਚ ਸੁੰਦਰਤਾ ਨੂੰ ਜਨਮ ਦੇਣ ਵਾਲੀ ਪ੍ਰਤਿਭਾ ਹੈ, ਜਿਹੜੀ ਕਿਸੇ ਪਰਿਭਾਸ਼ਾ ਵਿਚ ਨਹੀਂ ਬੰਨ੍ਹ ਸਕਦੀ। ਇਸ ਲਈ ਇਹ ਅਨੁਕਰਣ

'ਕਾਂਟ' ਵਾਂਗ 'ਹੀਗਲ' ਨੇ ਵੀ ਵਿਰੋਧ ਕੀਤਾ ਹੈ ਅਤੇ ਕਿਹਾ ਹੈ ਕਿ ਅਨੁਕਰਣ ਸਿਧਾਂਤ ਨੂੰ ਮੰਨ ਲੈਣ ਦਾ ਭਾਵ ਇਹ ਹੋਵੇਗਾ ਕਿ ਕਲਾ ਦੀ ਆਪਣੀ ਕੋਈ ਹੋਂਦ ਹੀ ਨਹੀਂ ਹੈ, ਪਰੰਤੂ ਇਸ ਅਧਾਰ ਤੇ ਕਲਾ ਦਾ ਦਰਜਾ ਬਹੁਤ ਹੇਠਾਂ ਚਲਾ ਜਾਵੇਗਾ ਤੇ ਉਹ ਨਿਰਜੀਵ ਜਾਪਣ ਲੱਗਦੀ ਹੈ। ਆਤਮਾ ਤਾਂ ਅਮੂਰਤ ਵਸਤੂ ਹੈ ਉਸ ਦਾ ਅਨੁਕਰਣ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਇਹ ਸਿਧਾਂਤ ਕਿਸੇ ਕਲਾ ਤੇ ਲਾਗੂ ਹੁੰਦਾ ਹੈ।

ਇਸ ਤਰ੍ਹਾਂ ਬਹੁਤ ਵਿਚਾਰਕਾਂ ਦੀ ਪਰਸਪਰ ਵਿਰੋਧੀ ਧਾਰਨਾਵਾਂ ਮਿਲਦੀਆਂ ਹਨ! ਕੋਈ ਇਸਦੀ ਯਥਾਰਥ ਰੂਪ ਦੀ ਸਿਫਤ ਕਰਦਾ ਹੈ ਤੇ ਕੋਈ ਇਸਦੇ ਆਦਰਸ਼ਵਾਦੀ ਹੋਣ ਤੇ ਜ਼ੋਰ ਦਿੰਦਾ ਹੈ, ਸੋ ਇਹ ਕਿਹਾ ਜਾ ਸਕਦਾ ਹੈ ਕਿ ਪੱਛਮ ਵਿਚ ਕਾਵਿ ਨੂੰ ਭਾਵੇਂ

ਪਰ ਜਿਉਂ ਜਿਉਂ ਕਾਵਿ ਸ਼ਾਸਤਰੀਆਂ ਨੇ ਇਸ ਵਿਚ ਵਿਅਕਤੀ ਤੱਤ ਦੀ ਮਹਿਮਾ ਨੂੰ ਪਹਿਚਾਣਿਆ ਹੈ ਤਿਉਂ ਤਿਉਂ ਇਸ ਅਨੁਕਰਣ ਦੀ ਮਹਿਮਾ ਘੱਟਦੀ ਗਈ! ਪਰ ਇਹ ਤਾਂ ਅਟੱਲ ਸਚਾਈ ਹੈ ਕਿ ਭਾਵੇਂ ਵਿਅਕਤੀ ਕਿੰਨਾ ਵੀ ਸਿਆਣਾ ਕਿਉਂ ਨਾ ਹੋਵੇ ਉਸ ਵਿੱਚ ਕੁਝ ਨਾ ਕੁਝ ਅਨੁਕਰਣ ਦਾ ਅੰਸ਼ ਜ਼ਰੂਰ ਹੁੰਦਾ ਹੈ!

ਇਸ ਪ੍ਰਕਾਰ ਉਪਰ ਦਰਜ ਅਤੇ ਪਰਿਭਾਸ਼ਾਵਾਂ ਦੇ ਆਧਾਰ ਤੇ ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਅਰਸਤੂ ਦਾ ਅਨੁਕਰਣ ਸਿਧਾਂਤ ਸਾਹਿਤ ਦੀ ਹੋਂਦ ਵਿਧੀ ਦਾ ਗਿਆਨ ਹੈ! ਇਸ ਵਿਧੀ ਰਾਹੀਂ ਸਿੱਧ ਹੋ ਜਾਂਦਾ ਹੈ ਕਿ ਸਾਹਿਤ ਸਮਾਜ ਵਿਚ ਘਟਿਤ ਦਾ ਸਿੱਧਾ ਅਨੁਕਰਣ ਨਹੀਂ ਸਗੋਂ ਉਸ ਦੀ ਪੁਨਰ ਸਿਰਜਣਾ ਹੈ! ਪੁਨਰ ਸਿਰਜਿਤ ਹੋਣ ਕਰਕੇ ਕੋਈ ਵੀ ਸਮਾਜਿਕ ਘਟਨਾ/ ਵਰਤਾਰਾ ਆਪਣੇ ਮੂਲ ਸਰੂਪ ਦੀ ਥਾਂ ਨਵੀਨ ਤੇ ਬਦਲਵੇਂ ਰੂਪ ਵਿਚ ਸਾਹਿਤ ਦਾ ਅੰਸ਼ ਬਣਦਾ ਹੈ!